# ਦੋ ਹਿੰਦੁਸਤਾਨ

ਹਿੰਦੁਸਤਾਨ ਦੇ ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਸਰਕਾਰੀ ਅਫਸਰਾਂ ਅਤੇ ਅਖ਼ਬਾਰਾਂ ਵਾਲਿਆਂ ਨਾਲ ਗੱਲ ਬਾਤ ਕਰਦੇ ਹੋਏ ਕਈ ਵਾਰੀ ਕਿਹਾ ਹੈ ਕਿ ਦੋ ਤਰ੍ਹਾਂ ਦੇ ਹਿੰਦੁਸਤਾਨ ਹਨ। ਇਕ ਉਹ ਹੈ ਜੋ ਖ਼ੁਸ਼ਹਾਲ ਤੇ ਮਾਲਾ-ਮਾਲ ਹੈ ਪਰ ਦੂਸਰਾ ਉਹ ਹੈ ਜਿਹੜਾ ਗਰੀਬ ਤੇ ਲਾਚਾਰ ਹੈ ਤੇ ਇਸ ਹਿੰਦੁਸਤਾਨ ਕੋਲ ਰੋਜ਼ੀ ਰੋਟੀ ਚਲਾਉਣ ਦੇ ਵਸੀਲੇ ਨਹੀਂ, ਇਸ ਤਕ ਡਿਵੈਲਪਮੈਂਟ ਦੇ ਫਾਇਦੇ ਅਜੇ ਤਕ ਨਹੀਂ ਪਹੁੰਚੇ। ਮਨਮੋਹਨ ਕਹਿੰਦਾ ਹੈ ਕਿ ਸਰਕਾਰ ਦੀਆਂ ਸਾਰੀਆਂ ਹੀ ਅਜੰਸੀਆਂ ਨੂੰ ਪੁਰਜ਼ੋਰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਸ ਦੂਸਰੇ ਹਿੰਦੁਸਤਾਨ ਨੂੰ ਪਹਿਲੇ ਹਿੰਦੁਸਤਾਨ ਦੇ ਨੇੜੇ ਲਿਆਂਦਾ ਜਾਵੇ। ਉਸਨੇ ਚੇਤਾਵਨੀ ਵੀ ਦਿਤੀ ਕਿ ਜੇ ਇੰਜ ਨਾ ਕੀਤਾ ਗਿਆ ਤਾਂ ਮੁਲਕ ਦੀ ਏਕਤਾ ਅਤੇ ਅਮਨ ਨੂੰ ਵੱਡਾ ਖ਼ਤਰਾ ਖੜ੍ਹਾ ਹੋ ਜਾਵੇਗਾ।

ਕਸ਼ਮੀਰ ਬਾਰੇ ਵੀ ਉਸਨੇ ਇਹੋ ਜਿਹੀ ਹੀ ਗੱਲ ਕਰਦਿਆਂ ਕਿਹਾ ਕਿ ਕਸ਼ਮੀਰ ਦੇ ਨੌਜਵਾਨਾਂ ਅਤੇ ਲੋਕਾਂ ਦਾ ਭਰੋਸਾ ਅਤੇ ਪ੍ਰਤੀਤ ਖ਼ਤਮ ਹੋ ਰਹੇ ਹਨ। ਇਸ ਲਈ ਉਨ੍ਹਾਂ ਨਾਲ ਬਹਿ ਕੇ ਗੱਲ ਕਰਨੀ ਚਾਹੀਦੀ ਹੈ। ਮਨਮੋਹਨ ਸਿੰਘ ਦੇ ਨਾਲ ਹੀ ਕਾਂਗਰਸ ਦੇ ਹੋਰ ਲੀਡਰਾਂ ਨੇ ਇਹੋ ਜਿਹੇ ਬਿਆਨ ਦਿਤੇ ਹਨ ਅਤੇ ਦੇ ਰਹੇ ਹਨ। ਇਨ੍ਹਾਂ ਸਾਰਿਆਂ ਬਿਆਨਾਂ ਦਾ ਸਾਰ ਇਹ ਹੈ ਕਿ ਬਈ ਸਰਕਾਰ ਪੂਰੀ ਕੋਸ਼ਿਸ਼ ਕਰ ਰਹੀ ਹੈ ਕਿ ਦੋ ਹਿੰਦੁਸਤਾਨ ਦੇ ਪਾੜੇ ਨੂੰ ਖ਼ਤਮ ਕਰਕੇ ਇਕ ਐਸਾ ਹਿੰਦੁਸਤਾਨ ਉੱਸਰ ਸਕੇ ਜਿਸ ਵਿਚ ਸਭ ਲੋਕਾਂ ਦਾ ਫਾਇਦਾ ਹੋਵੇ।

ਲੋਕਾਂ ਦੇ ਭੈੜੇ ਹਾਲ ਨੂੰ ਠੀਕ ਕਰਨ ਦੀਆਂ ਗੱਲਾਂ ਬੜੀ ਮਸੂਮੀਅਤ ਨਾਲ ਕਰਨ ਵਾਲੇ ਸਰਦਾਰ ਮਨਮੋਹਨ ਸਿੰਘ ਅਤੇ ਉਸਦੇ ਹੋਰ ਵਜ਼ੀਰ ਕਦੇ ਇਸ ਗੱਲ ਬਾਰੇ ਕੋਈ ਚਰਚਾ ਨਹੀਂ ਕਰਦੇ ਕਿ ਹਿੰਦੁਸਤਾਨ ਦੇ ਅੱਸੀ ਕਰੋੜ ਲੋਕਾਂ ਦੇ ਇਸ ਭੈੜੇ ਹਾਲ ਲਈ ਜ਼ਿੰਮੇਵਾਰ ਕੌਣ ਹੈ? ਅਸਲੀਅਤ ਤਾਂ ਇਹ ਹੈ ਕਿ ਸੰਨ ਸੰਤਾਲੀ ਤੋਂ ਬਾਅਦ ਦੇ ਸਾਲਾਂ ਵਿਚ ਜ਼ਿਆਦਾਤਰ ਮਨਮੋਹਨ ਸਿੰਘ ਦੀ ਕਾਂਗਰਸ ਪਾਰਟੀ ਦੀ ਹੀ ਸਰਕਾਰ ਰਹੀ ਹੈ। ਇਨ੍ਹਾਂ ਸਾਲਾਂ ਵਿਚ ਸਰਕਾਰ ਦੀ ਹਰੇਕ ਆਰਥਕ ਅਤੇ ਸਮਾਜੀ ਨੀਤੀ ਨੇ ਅਮੀਰਾਂ ਦੀ ਅਮੀਰੀ ਵਧਾਈ ਹੈ ਅਤੇ ਗਰੀਬਾਂ ਦੀ ਗ਼ਰੀਬੀ ਤੇ ਗਿਣਤੀ ਵਧਾਈ ਹੈ। ਹਰੇਕ ਕਾਨੂੰਨ ਹਾਕਮ ਟੋਲੇ ਦੇ ਹੱਕ ਵਿਚ ਬਣਾਇਆ ਗਿਆ ਹੈ। ਰਾਜ ਤੰਤ੍ਰ ਅਤੇ ਸਰਕਾਰ ਦਾ ਹਰੇਕ ਅਦਾਰਾ ਸਿਰਫ਼ ਹਾਕਮ ਟੋਲੇ ਦੇ ਹਿੰਦੁਸਤਾਨ ਦੀ ਚੜ੍ਹਤ ਲਈ ਹੀ ਕੰਮ ਕਰਦਾ ਹੈ ਅਤੇ ਕਰ ਰਿਹਾ ਹੈ। ਬੀ.ਜੇ.ਪੀ. ਨੇ ਵੀ ਆਪਣੇ ਵੇਲੇ ਇਹੋ ਕੁਝ ਕੀਤਾ।

ਇਹੋ ਜਿਹੀ ਬਿਆਨਬਾਜ਼ੀ ਨਾਲ ਮਨਮੋਹਨ ਸਿੰਘ ਲੋਕਾਂ ਦੇ ਗੁੱਸੇ ਅਤੇ ਰੋਹ ਨੂੰ ਕੁਰਾਹੇ ਪਾ ਕੇ ਕਾਂਗਰਸ ਪਾਰਟੀ, ਰਾਜਤੰਤ੍ਰ ਅਤੇ ਸਰਕਾਰ ਦੀ ਪ੍ਰਤੀਤ ਕਾਇਮ ਕਰਨਾ ਚਾਹੁੰਦਾ ਹੈ। ਪਰ ਲੋਕਾਂ ਦਾ ਤਜਰਬਾ ਕੁਝ ਹੋਰ ਹੀ ਦੱਸਦਾ ਹੈ। ਮਨਮੋਹਨ ਸਿੰਘ ਲੋਕਾਂ ਨੂੰ ਭਰੋਸੇ ਵਿਚ ਲੈਣ ਦੀ ਗੱਲ ਕਰਦਾ ਹੈ ਜਦ ਕਿ ਦੋ ਲੱਖ ਫੌਜ ਅਤੇ ਨੀਮ ਫੌਜੀ ਛੱਤੀਸਗੜ੍ਹ , ਉੜੀਸਾ, ਆਂਧਰਾ ਅਤੇ ਹੋਰਨਾਂ ਥਾਂਵਾਂ ਤੇ ਰੋਜ਼ ਉਨ੍ਹਾਂ ਦੇ ਜੰਗਲ, ਜ਼ਮੀਨ ਅਤੇ ਪਾਣੀ ਹੜੱਪਣ ਲਈ ਹਮਲੇ ਕਰ ਰਹੇ ਹਨ। ਮਨਮੋਹਨ ਸਿੰਘ ਕਸ਼ਮੀਰ ਦੇ ਨੌਜਵਾਨਾਂ ਨੂੰ ਦਿਲਾਸਾ ਦੇਣ ਦੀ ਗੱਲ ਕਰਦਾ ਹੈ ਪਰ ਛੇ ਲੱਖ ਫੌਜੀ ਅਤੇ ਨੀਮ ਫੌਜੀ ਕਸ਼ਮੀਰੀਆਂ ਤੇ ਰੋਜ਼ ਤਸ਼ੱਦਦ ਢਾਹ ਰਹੇ ਹਨ। ਕਸ਼ਮੀਰੀ ਨੌਜਵਾਨਾਂ ਦੀ ਥਾਂ ਥਾਂ ਪੱਤ ਲਾਹੀ ਜਾ ਰਹੀ ਹੈ।

ਇਸੇ ਤਰ੍ਹਾਂ ਮਨਮੋਹਨ ਸਿੰਘ ਗੱਲ ਤਾਂ ਆਮ ਆਦਮੀ ਨੂੰ ਰਾਹਤ ਦੇਣ ਦੀ ਕਰਦਾ ਹੈ ਪਰ ਮੁਨਾਫ਼ੇ ਅਮੀਰਾਂ ਦੇ ਹੀ ਵਧਦੇ ਜਾ ਰਹੇ ਹਨ। ਇਕ ਪਾਸੇ ਅੱਸੀ ਕਰੋੜ ਤੋਂ ਵੀ ਜ਼ਿਆਦਾ ਲੋਕਾਂ ਕੋਲ ਖ਼ਰਚ ਕਰਨ ਰੋਜ਼ਾਨਾ ਲਈ ਵੀਹ ਰੁਪਏ ਵੀ ਹਾਸਲ ਨਹੀਂ ਤੇ ਦੂਸਰੇ ਪਾਸੇ ਹਾਕਮ ਟੋਲੇ ਦੇ ਹਿੰਦੁਸਤਾਨ ਵਿਚ ਮੁੱਠੀ ਭਰ ਅਰਬਪਤੀ ਕੁਲ ਮੁਲਕ ਦੀ ਇਕ ਤਿਹਾਈ ਦੌਲਤ ਨੂੰ ਜੱਫਾ ਮਾਰੀ ਬੈਠੇ ਹਨ।

ਇਹ ਦੋ ਹਿੰਦੁਸਤਾਨਾ ਦਾ ਪਾੜਾ ਕੋਈ ਅਸਮਾਨ ਚੋਂ ਡਿੱਗੀ ਹੋਈ ਜਾਂ ਗੁਝੀ ਸ਼ੈਅ ਨਹੀਂ ਹੈ। ਹਾਕਮ ਟੋਲੇ ਅਤੇ ਆਈ. ਐਮ.ਐਫ਼. ਨੇ ਮਨਮੋਹਨ ਸਿੰਘ ਨੂੰ ਪਹਿਲਾਂ ਵਜ਼ੀਰੇ ਖ਼ਜ਼ਾਨਾ ਅਤੇ ਬਾਅਦ ਵਿਚ ਪ੍ਰਧਾਨ ਮੰਤ੍ਰੀ ਬਣਾਇਆ ਹੀ ਇਸ ਲਈ ਸੀ ਕਿ ਅਮੀਰਾਂ ਦੇ ਮੁਫ਼ਾਦ ਮੂਹਰੇ ਰਹਿਣ ਤੇ ਇਨ੍ਹਾਂ ਦੋ ਹਿੰਦੁਸਤਾਨਾ ਦਾ ਪਾੜਾ ਵਧਦਾ ਵੀ ਜਾਵੇ ਤਾਂ ਕੋਈ ਗੱਲ ਨਹੀਂ। ਅਮੀਰ ਜ਼ਰੂਰ ਹੋਰ ਅਮੀਰ ਹੋਵੇ ਗਰੀਬਾਂ ਦਾ ਫ਼ਿਕਰ ਕਰਨ ਦੀ ਲੋੜ ਨਹੀਂ। ਰਾਜ ਤੰਤ੍ਰ ਦਾ ਨਜ਼ਰੀਆ ਇਹ ਹੈ ਕਿ ਰਿਆਸਤ ਅਤੇ ਸਰਕਾਰ ਨੂੰ ਸਿਰਫ਼ ਅਮੀਰਾਂ ਦੇ ਹਿਤਾਂ ਦੀ ਰਾਖੀ ਤੇ ਫਿਕਰ ਕਰਨ ਦੀ ਲੋੜ ਹੈ ਤੇ ਜਿਉਂ ਜਿਉਂ ਅਮੀਰਾਂ ਦੀ ਅਮੀਰੀ ਵਧੇਗੀ ਉਸਦੇ ਨਾਲ ਅਮੀਰਾਂ ਦਾ ਵਾਧੂ ਬਚਿਆ ਮਾਲ ਆਮ ਆਦਮੀ ਨੂੰ ਮਿਲਣ ਲੱਗ ਜਾਵੇਗਾ। ਮਨਮੋਹਨ ਸਿੰਘ ਦੀ ਸਰਕਾਰ ਅਤੇ ਹਿੰਦੁਸਤਾਨੀ ਰਿਆਸਤ ਦੇ ਨੁਮਾਇੰਦੇ ਹਰ ਰੋਜ਼ ਲੋਕਾਂ ਨੂੰ ਇਹ ਦੱਸਦੇ ਨਹੀਂ ਥੱਕਦੇ ਕਿ ਬਈ ਹਿੰਦੁਸਤਾਨ ਦੀ ਆਰਥਿਕਤਾ ਹਰ ਸਾਲ ਅੱਠ ਦਸ ਫ਼ੀ ਸਦੀ ਦੀ ਦਰ ਨਾਲ ਵੱਧ ਰਹੀ ਹੈ। ਇਸ ਲਈ ਹਿੰਦੁਸਤਾਨ ਬਹੁਤ ਵੱਡੀ ਆਰਥਕ ਤਾਕਤ ਬਣ ਰਿਹਾ ਹੈ ਤੇ ਅੱਸੀ ਕਰੋੜ ਤੋਂ ਵੀ ਜ਼ਿਆਦਾ ਲੋਕਾਂ ਦੇ ਭੈੜੇ ਹਾਲ ਆਪ ਹੀ ਠੀਕ ਹੋ ਜਾਣਗੇ, ਕੋਈ ਫਿਕਰ ਦੀ ਗੱਲ ਨਹੀਂ। ਉਹ ਕਹਿੰਦੇ ਹਨ ਕਿ ਆਰਥਿਕਤਾ ਦੇ ਇਸ ਤੇਜ਼ੀ ਨਾਲ ਵਧਣ ਨਾਲ ਲੋਕਾਂ ਦੇ ਸਾਰੇ ਮਸਲੇ ਹੱਲ ਹੋ ਜਾਣਗੇ। ਪਰ ਇਹ ਨਾ ਹੋਇਆ ਹੈ ਅਤੇ ਨਾ ਹੋਵੇਗਾ।

ਹਾਕਮ ਟੋਲੇ ਦੀਆਂ ਸਾਰੀਆਂ ਹੀ ਪਾਰਟੀਆਂ ਮਨਮੋਹਨ ਸਿੰਘ ਅਤੇ ਆਈ.ਐਮ.ਐਫ ਦੇ ਇਸ ਮੰਤ੍ਰ ਦੀਆਂ ਕਾਇਲ ਰਹੀਆਂ ਹਨ। ਇਸ ਕਰਕੇ ਦੋਹਾਂ ਹਿੰਦੁਸਤਾਨਾ ਦਾ ਪਾੜਾ ਘਟਣ ਦੀ ਬਜਾਏ ਵਧਦਾ ਹੀ ਜਾ ਰਿਹਾ ਹੈ। ਇਸ ਪਾੜੇ ਦਾ ਵਧਣਾ, ਅਮੀਰਾਂ ਦੀ ਅਮੀਰੀ ਵਧਣੀ ਅਤੇ ਗਰੀਬਾਂ ਦਾ ਭੈੜਾ ਹਾਲ ਇਸ ਲਿਬਰਲ ਅਤੇ ਬਸਤੀਵਾਦੀ ਆਰਥਕ ਅਤੇ ਸਿਆਸੀ ਢਾਂਚੇ ਦਾ ਨਤੀਜਾ ਹੈ। ਇਸ ਵਿਚ ਹੋਰ ਕੁਝ ਮੁਮਕਿਨ ਨਹੀਂ ਕਿਉਂਕਿ ਇਸ ਪਾੜੇ ਦੀ ਬੁਨਿਆਦ ਸਮਾਜ ਵਿਚ ਲੁੱਟ ਖਸੁੱਟ ਦੇ ਰਿਸ਼ਤੇ ਹਨ। ਲੱਖਾਂ। ਕਰੋੜਾਂ ਲੋਕ ਫੈਕਟਰੀਆਂ, ਮਿਲਾਂ, ਖੇਤਾਂ, ਦਫ਼ਤਰਾਂ, ਅਤੇ ਖਾਨਾ ਵਿਚ ਹੱਡ ਭੰਨਵੀਂ ਮਿਹਨਤ ਨਾਲ ਅਰਬਾਂ ਖਰਬਾਂ ਦੀ ਦੌਲਤ ਪੈਦਾ ਕਰਦੇ ਹਨ ਪਰ ਇਹ ਦੌਲਤ ਜ਼ੋਰ ਅਤੇ ਜਬਰ ਨਾਲ ਮੁੱਠੀ ਭਰ ਹਾਕਮ ਟੋਲੇ ਦੇ ਹੱਥ ਵਿਚ ਚਲੀ ਜਾਂਦੀ ਹੈ। ਮਨਮੋਹਨ ਸਿੰਘ ਨੇ ਇਹ ਲੁੱਟ ਹੋਰ ਮਜ਼ਬੂਤ ਕੀਤੀ ਹੈ ਅਤੇ ਇਸਨੂੰ ਅੱਗੇ ਨਾਲੋਂ ਵੀ ਜ਼ਿਆਦਾ ਪਸਾਰਿਆ ਹੈ। ਇਸ ਲਈ ਦੋ ਹਿੰਦੁਸਤਾਨਾ ਦਾ ਪਾੜਾ ਘਟਣ ਦੀ ਬਜਾਏ ਵਧਦਾ ਹੀ ਜਾ ਰਿਹਾ ਹੈ ਅਤੇ ਇਨ੍ਹਾਂ ਹਾਲਾਤ ਵਿਚ ਵਧਦਾ ਹੀ ਜਾਵੇਗਾ। ਮਨਮੋਹਨ ਸਿੰਘ ਦੇ ਚਹੇਤੇ ਮੁਲਕ ਅਮਰੀਕਾ ਵਿਚ ਵੀ ਇਹ ਪਾੜਾ ਵਧਦਾ ਹੀ ਜਾ ਰਿਹਾ ਹੈ ਕਿਉਂਕਿ ਉਥੇ ਵੀ ਲੁੱਟ ਖਸੁੱਟ ਦੇ ਰਿਸ਼ਤੇ ਲੋਕਾਂ ਦੀ ਛਿੱਲ ਲਾਹ ਰਹੇ ਹਨ। ਹਾਲ ਵਿਚ ਛਪੇ ਸਰਵੇਖਣਾਂ ਮੁਤਾਬਿਕ ਅਮਰੀਕਾ ਵਿਚ ਚਾਰ ਕਰੋੜ ਨਾਲੋਂ ਵੀ ਜ਼ਿਆਦਾ ਲੋਕ ਗਰੀਬ ਹਨ। ਇਹ ਨਫ਼ਰੀ ਪਿਛਲੇ ਦੋ ਸਾਲਾਂ ਵਿਚ ਹੋਰ ਵਧੀ ਹੈ। ਦੱਸਿਆ ਜਾਂਦਾ ਹੈ ਕਿ ਇਥੇ ਪੱਚੀ ਫੀ ਸਦੀ ਬੱਚੇ ਗਰੀਬੀ ਦਾ ਸ਼ਿਕਾਰ ਹਨ।

ਹਿੰਦੁਸਤਾਨ ਦੇ ਹਰ ਹਿੱਸੇ ਵਿਚ ਲੋਕ ਆਪਣੇ ਮਸਲਿਆਂ ਦੇ ਹੱਲ ਲੱਭਣ ਦੀ ਕੋਸ਼ਿਸ਼ ਵਿਚ ਹਨ। ਉਹ ਹਾਕਮ ਟੋਲੇ ਅਤੇ ਇਸਦੇ ਬੰਦੋਬਸਤ ਤੋਂ ਖਹਿੜਾ ਛੁੜਾਉਣ ਲਈ ਹਰ ਤਰੀਕੇ ਨਾਲ ਸੰਘਰਸ਼ ਚਲਾ ਰਹੇ ਹਨ। ਲੋਕ ਆਪਣੇ ਘੋਲ ਤਿੱਖੇ ਕਰ ਰਹੇ ਹਨ ਅਤੇ ਵਿਚਾਰ ਵਟਾਂਦਰਾ ਕਰ ਰਹੇ ਹਨ ਕਿ ਇਨ੍ਹਾਂ ਲੁੱਟ ਖਸੁੱਟ ਦੇ ਰਿਸ਼ਤਿਆਂ ਤੋਂ ਉਨ੍ਹਾਂ ਦੀ ਜਾਨ ਕਿਸ ਤਰਾਂ ਛੁੱਟ ਸਕਦੀ ਹੈ। ਮਨਮੋਹਨ ਸਿੰਘ ਉਨ੍ਹਾਂ ਨੂੰ ਕੁਰਾਹੇ ਪਾਉਣ ਲਈ ਅਤੇ ਹਾਕਮ ਟੋਲੇ ਦੇ ਲੁੱਟ ਖਸੁੱਟ ਦੇ ਰਿਸ਼ਤੇ ਕਾਇਮ ਰੱਖਣ ਲਈ ਹੀ ਇਕ ਪਾਸੇ ਆਮ ਆਦਮੀ ਦਾ ਖਿਆਲ ਰੱਖਣ ਦੀ ਝੂਠੀ ਬਿਆਨਬਾਜ਼ੀ ਕਰ ਰਿਹਾ ਹੈ ਅਤੇ ਦੂਜੇ ਪਾਸੇ ਫੌਜ ਰਾਹੀਂ ਤਸ਼ੱਦਦ ਕਰ ਰਿਹਾ ਹੈ। ਇਸ ਤੋਂ ਪਹਿਲਾਂ ਨਹਿਰੂ, ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਨੇ ਵੀ ਇਹੋ ਕੰਮ ਕੀਤਾ ਸੀ।